ਵੀਰਵਾਰ

28, ਜਨਵਰੀ 2010
16 ਮਾਘ,
ਨਾਨਕਸ਼ਾਹੀ 541

# ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 288,
ਸਾਲ 25
Postal Regd. No.
PB/0007/09-2011

www.ajdiawaaz.com ਪੰਜਾਬ ਦੀ ਉਮੀਦ info@ajdiawaaz.com





ਸ਼ਹਿਰ ਤੇ ਆਸ-ਪਾਸ
ਸਿਵਲ ਹਸਪਤਾਲ 'ਚ ਛਾਪਾ 3

ਸੰਪਾਦਕੀ
ਗਣਤੰਤਰ ਦਾ ਅਸਲ ਸੰਦੇਸ਼ 4

ਦੇਸ਼ ਦੁਨੀਆ
ਗਣਤੰਤਰ ਦਿਵਸ ਨੂੰ ਕਾਲੇ ਦਿਵਸ ਵਜੋਂ ਮਨਾਇਆ 8




## ਅਯੋਗ, ਰਿਸ਼ਵਤਖੋਰ ਕਰਮਚਾਰੀਆਂ ਦੀ ਸ਼ਨਾਖਤ ਲਈ ਮੁਹਿੰਮ ਜਲਦੀ-ਸੁਖਬੀਰ ਬਾਦਲ

### ਜ਼ਿਲ੍ਹਾ ਪੁਲਿਸ ਮੁਖੀਆਂ ਦੀ ਮਹੀਨਾਵਾਰ ਪ੍ਰਸੰਸਾ ਦੀ ਤਰਜ 'ਤੇ ਸਿਵਲ ਅਧਿਕਾਰੀ ਵੀ ਹੋਣਗੇ ਸਨਮਾਨਿਤ

ਜਲੰਧਰ, 27 ਜਨਵਰੀ (ਮਲਕੀਤ ਸਿੰਘ ਬਰਾੜ)-ਸ. ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਪੰਜਾਬ ਨੇ ਅੱਜ ਇਥੇ ਕਿਹਾ ਕਿ ਪੰਜਾਬ ਸਰਕਾਰ ਛੇਤੀ ਹੀ ਰਾਜ ਵਿੱਚ ਅਯੋਗ ਅਤੇ ਰਿਸ਼ਵਤ ਖੋਰ ਕਰਮਚਾਰੀਆਂ ਦੀ ਸ਼ਨਾਖਤ ਲਈ ਇਕ ਯੋਜਨਾਵਧ ਮੁਹਿੰਮ ਵਿੱਢੇਗੀ ਤਾਂ ਜੋ ਉਨ੍ਹਾਂ ਨੂੰ ਅੱਲਗ ਥਲੱਗ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਅਜਿਹੇ ਕਰਮਚਾਰੀਆਂ ਦਾ ਸਨਮਾਨ ਵੀ ਕੀਤਾ ਜਾਵੇਗਾ ਜੋ ਲੋਕਾਂ ਦੀ ਸੇਵਾ ਲਈ ਦਿਨ ਰਾਤ ਅਣਥੱਕ ਮਿਹਨਤ ਕਰਦੇ ਰਹਿੰਦੇ ਹਨ। ਅੱਜ ਇੱਥੇ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਸਾਰੇ ਸਰਕਾਰੀ ਕਰਮਚਾਰੀਆਂ ਨੂੰ ਲੋਕ ਸੇਵਾ ਦੀ ਭਾਵਨਾ ਨਾਲ ਕੰਮ ਕਰਨਾ ਚਾਹੀਦਾ ਹੈ ਅਤੇ ਲੋਕ ਭਲਾਈ ਨੀਤੀਆਂ ਨੂੰ ਲਾਗੂ ਕਰਨ ਵਿੱਚ ਅੜਿੱਕਾ ਪੈਦਾ ਕਰਨ ਜਾਂ ਇਨ੍ਹਾਂ ਨੀਤੀਆਂ ਦੀ ਆੜ ਵਿੱਚ ਪੈਸਾ ਕਮਾਉਣ ਵਾਲੇ ਕਿਸੇ ਸਰਕਾਰੀ ਕਰਮਚਾਰੀ ਲਈ ਸਰਕਾਰੀ



(ਫੋਟੋ : ਕੁਲਦੀਪ ਸਟੂਡੀਓ)

(ਬਾਕੀ ਸਫਾ 2 'ਤੇ)



ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਮਜੀਠਾ ਵਿਖੇ ਮੰਗਲਵਾਰ ਨੂੰ ਮਜੀਠਾ ਵਿਖੇ ਗਣਤੰਤਰ ਦਿਵਸ ਮੌਕੇ ਪਰੇਡ ਤੋਂ ਸਲਾਮੀ ਲੈਂਦੇ ਹੋਏ। (ਤਸਵੀਰ : ਜੀ. ਐਸ. ਪੰਕਜ)

## ਪੰਜਾਬ ਪੁਲਿਸ ਨਕਸਲੀਆਂ, ਖਾੜਕੂਆਂ 'ਤੇ ਨਜ਼ਰ ਰੱਖ ਰਹੀ ਹੈ-ਡੀ.ਜੀ.ਪੀ.

ਮਾਨਸਾ, 27 ਜਨਵਰੀ (ਸੁਰਿੰਦਰ ਮਾਨ)-ਪੰਜਾਬ ਪੁਲਿਸ ਦੇ ਮੁਖੀ ਸ. ਪਰਮਦੀਪ ਸਿੰਘ ਗਿੱਲ ਨੇ ਕਿਹਾ ਹੈ ਕਿ ਪੰਜਾਬ ਵਿੱਚ ਪੁਲਿਸ ਦੇ ਕੰਮ 'ਚ ਪਾਰਦਰਸ਼ਤਾ ਲਿਆਉਣ ਲਈ ਹਰ ਜ਼ਿਲ੍ਹੇ 'ਚ ਪੁਲਿਸ ਦੀ ਵੈਬਸਾਈਟ ਜਾਰੀ ਕੀਤੀ ਜਾ ਰਹੀ ਹੈ। ਅੱਜ ਮਾਨਸਾ ਵਿਖੇ ਜ਼ਿਲ੍ਹਾ ਪੁਲਿਸ ਦੀ ਵੈਬਸਾਈਟ ਦੇ ਉਦਘਾਟਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਹਦਾਇਤ ਮੁਤਾਬਕ ਨਵੇਂ ਥਾਣੇ ਅਤੇ ਨਵੀਂ ਭਰਤੀ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਮਾਨਸਾ ਵਿਖੇ ਜ਼ਿਲ੍ਹਾ ਪੱਧਰੀ ਔਰਤ ਥਾਣੇ ਦੀ ਇਮਾਰਤ ਛੇਤੀ ਹੀ ਉਸਾਰੀ ਜਾਵੇਗੀ, ਜਿਸ ਲਈ ਜਗ੍ਹਾ ਪੁਲਿਸ ਨੂੰ ਮਿਲ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਹੋਰ ਜ਼ਿਲ੍ਹਿਆਂ ਵਿੱਚ ਵੀ ਅਜਿਹੇ ਥਾਣੇ ਵਿਚਾਰ ਅਧੀਨ ਹਨ। ਇਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿੱਚ ਨਕਸਲੀ ਅਤੇ ਦਹਿਸ਼ਤਗਰਦੀ ਵਿਚ ਸ਼ਾਮਲ ਵਿਅਕਤੀਆਂ ਉਪਰ ਸਖ਼ਤ ਨਜ਼ਰ ਰੱਖੀ ਜਾ ਰਹੀ ਹੈ।



ਉਨ੍ਹਾਂ ਅੱਗੇ ਦੱਸਿਆ ਕਿ ਟਰੈਫਿਕ ਪੁਲਿਸ ਦੀ ਵਰਦੀ ਵਿੱਚ ਤਬਦੀਲੀ ਲਿਆਂਦੀ ਗਈ ਹੈ ਜਦਕਿ ਆਮ ਪੁਲਿਸ ਦੀ ਵਰਦੀ ਵਿੱਚ ਕੋਈ ਤਬਦੀਲੀ ਨਹੀਂ ਲਿਆਂਦੀ ਜਾਵੇਗੀ। ਪੁਲਿਸ ਮੁਲਾਜ਼ਮਾਂ ਦੇ ਕੰਮਦਾ ਬੋਝ ਘੱਟ ਕਰਨ ਲਈ ਵੀ ਉਨ੍ਹਾਂ ਨੂੰ 24 ਘੰਟੇ ਦੀ ਡਿਊਟੀ ਵਿੱਚ ਕੋਈ ਛੋਟ ਦੇਣ ਸਬੰਧੀ ਉਨ੍ਹਾਂ ਦੇ ਵਿਚਾਰ ਅਧੀਨ ਨਹੀਂ ਹੈ। ਇਸ ਮੌਕੇ ਉਨ੍ਹਾਂ ਨਾਲ ਸ. ਪਰਮਜੀਤ ਸਿੰਘ ਗਿੱਲ ਆਈ.ਜੀ. ਪਟਿਆਲਾ ਅਤੇ ਸ. ਹਰਦਿਆਲ ਸਿੰਘ ਮਾਨ ਐਸ.ਐਸ.ਪੀ. ਮਾਨਸਾ ਹਾਜ਼ਰ ਸਨ।

## ਇੰਡੀਅਨ ਏਅਰਲਾਈਨਜ਼ ਜਹਾਜ਼ ਦਾ ਹਾਈਜੈਕਰ ਪਰਮਿੰਦਰ ਸਿੰਘ ਭਾਰਤ ਹਵਾਲੇ

ਟੋਰਾਂਟੋ, 27 ਜਨਵਰੀ (ਵਿਸ਼ਵ ਵਾਰਤਾ)- ਇੰਡੀਅਨ ਏਅਰਲਾਈਨਜ਼ ਦੇ ਜਹਾਜ਼ ਨੂੰ ਅਗਵਾ ਕਰਨ ਵਾਲੇ ਮੁੱਖ ਸਾਜਿਸ਼ਕਰਤਾ ਪਰਮਿੰਦਰ ਸਿੰਘ ਸੈਣੀ ਨੂੰ ਅੱਜ ਭਾਰਤ ਦੇ ਹਵਾਲੇ ਕਰ ਦਿੱਤਾ ਗਿਆ। ਪਰਮਿੰਦਰ ਸਿੰਘ ਕੈਨੇਡਾ ਤੋਂ ਭਾਰਤ ਹਵਾਲੇ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਪਰਮਿੰਦਰ ਸਿੰਘ ਅਤੇ ਪੰਜ ਅੱਤਵਾਦੀਆਂ ਨੇ ਮਿਲ ਕੇ 6 ਜੁਲਾਈ, 1984 ਨੂੰ ਸ੍ਰੀਨਗਰ ਤੋਂ ਦਿੱਲੀ ਜਾ ਰਹੇ ਇੰਡੀਅਨ ਏਅਰਲਾਈਨਜ਼ ਦੇ ਜਹਾਜ਼ ਨੂੰ ਅਗਵਾ ਕੀਤਾ ਸੀ ਅਤੇ ਉਸ ਨੂੰ ਲਾਹੌਰ ਲੈ ਗਏ ਸਨ। ਜਹਾਜ਼ ਵਿਚ 255 ਯਾਤਰੀ ਸਵਾਰ ਸਨ। ਪਾਕਿਸਤਾਨੀ ਅਧਿਕਾਰੀਆਂ ਦੇ ਸਾਹਮਣੇ ਆਤਮ ਸਮਰਪਣ ਕਰਨ ਤੋਂ ਬਾਅਦ ਆਖਿਰਕਾਰ 17 ਘੰਟੇ ਬਾਅਦ ਜਹਾਜ਼ ਨੂੰ ਅਗਵਾਕਾਰਾਂ ਤੋਂ ਮੁਕਤ ਕਰਵਾ ਲਿਆ ਗਿਆ ਸੀ। ਪਰਮਿੰਦਰ ਸਿੰਘ ਨੂੰ ਲਾਹੌਰ ਕੋਰਟ ਵਿਚ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ, ਜਿਸ ਨੂੰ ਬਾਅਦ ਵਿਚ ਉਮਰ ਕੈਦ ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਪਾਕਿਸਤਾਨ ਛੱਡਣ ਦੀ ਸ਼ਰਤ 'ਤੇ ਉਸ ਨੂੰ ਦਸ ਸਾਲ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ। ਪਰਮਿੰਦਰ ਸਿੰਘ ਪਾਕਿਸਤਾਨ ਤੋਂ ਅਫਗਾਨੀ ਪਾਸਪੋਰਟ 'ਤੇ ਕੈਨੇਡਾ ਗਿਆ। ਪਿਛਲੇ 15 ਸਾਲਾਂ ਤੋਂ ਪਰਮਿੰਦਰ ਸਿੰਘ ਬਲਬੀਰ ਸਿੰਘ ਦੇ ਨਾਮ ਨਾਲ ਕੈਨੇਡਾ ਵਿਚ ਰਹਿ ਰਿਹਾ ਸੀ। ਉਸ ਨੇ ਕੈਨੇਡਾ ਵਿਚ ਬੀ.ਏ. ਅਤੇ ਲਾਅ ਦੀ ਡਿਗਰੀ ਵੀ ਲਈ ਅਤੇ ਉਥੇ ਵਕਾਲਤ ਦੀ ਪ੍ਰੈਕਟਿਸ ਲਈ ਵੀ ਅਪੀਲ ਕੀਤੀ ਸੀ ਜਿਸ ਨੂੰ ਖਾਰਿਜ ਕਰ ਦਿੱਤਾ ਗਿਆ ਸੀ।

## ਰਾਜਪੁਰਾ ਵਿਖੇ 1200 ਏਕੜ ਰਕਬੇ 'ਚ ਇਕ ਨਵਾਂ ਇੰਡਸਟਰੀਅਲ ਪਾਰਕ ਬਣੇਗਾ-ਕਾਲੀਆ

### ਜਲੰਧਰ- ਕਪੂਰਥਲਾ ਰੋਡ ਤੇ 220 ਏਕੜ ਰਕਬੇ ਵਿਚ ਇਕ ਨਵਾਂ ਫੋਕਲ ਪੁਆਇੰਟ ਬਣਾਇਆ ਜਾਵੇਗਾ

ਲੁਧਿਆਣਾ, 27 ਜਨਵਰੀ (ਰਾਜ ਜੋਸ਼ੀ)- ਸ਼੍ਰੀ ਮਨੋਰੰਜਨ ਕਾਲੀਆ ਸਥਾਨਿਕ ਸਰਕਾਰ, ਉਦਯੋਗ ਅਤੇ ਵਣਜ ਮੰਤਰੀ ਪੰਜਾਬ ਨੇ ਕਿਹਾ ਰਾਜਪੁਰਾ ਵਿਖੇ 1200 ਏਕੜ ਰਕਬੇ ਵਿਚ ਇਕ ਨਵਾਂ ਇੰਡਸਟਰੀਅਲ ਪਾਰਕ ਉਸਾਰਿਆ ਜਾਵੇਗਾ ਅਤੇ ਇਸ ਪਾਰਕ ਵਿਚ ਉਦਯੋਗਪਤੀ ਆਪਣੇ ਉਦਯੋਗ ਲਗਾਉਣ ਲਈ ਦਰਖਾਸਤਾਂ ਦੇ ਸਕਦੇ ਹਨ। ਸ਼੍ਰੀ ਕਾਲੀਆ ਅੱਜ ਇਥੇ ਹੋਟਲ ਮਹਾਰਾਜਾ ਰੀਜੈਂਸੀ ਵਿਖੇ ਅਪੈਕਸ ਚੈਬਰ ਆਫ ਕਮੱਰਸ ਐਂਡ ਇੰਡਸਟਰੀ ਵਲੋ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਸ਼੍ਰੀ ਕਾਲੀਆ ਨੇ ਕਿਹਾ ਕਿ ਜਲੰਧਰ- ਕਪੂਰਥਲਾ ਰੋਡ ਤੇ 220 ਏਕੜ ਰਕਬੇ ਵਿਚ ਇਕ ਨਵਾਂ ਫੋਕਲ ਪੁਆਇੰਟ ਬਣਾਇਆ ਜਾਵੇਗਾ। ਵੈਟ ਰੀਫੰਡ ਸਬੰਧੀ ਉਦਯੋਗਪਤੀਆਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਸਬੰਧੀ, ਸ਼੍ਰੀ ਕਾਲੀਆ ਨੇ ਕਿਹਾ ਕਿ ਉਹ ਉਦਯੋਗਪਤੀਆਂ ਨਾਲ ਮੀਟਿੰਗ ਕਰਕੇ ਜਲਦੀ ਹੀ ਇਸ ਦਾ ਸਥਾਈ ਹੱਲ ਕਰ ਦੇਣਗੇ। ਉਹਨਾਂ ਕਿਹਾ ਕਿ ਅਜ਼ਾਦੀ ਤੋ ਬਾਅਦ ਦੇਸ਼ ਨੂੰ ਜੇਕਰ ਅਨਾਜ ਦੀ ਲੋੜ ਪਈ ਤਾਂ ਪੰਜਾਬ ਦੇ ਮਿਹਨਤੀ ਕਿਸਾਨਾਂ ਨੇ ਭਰਪੂਰ ਅਨਾਜ ਪੈਦਾ ਕਰਕੇ ਸਾਰੇ ਦੇਸ਼ ਦਾ ਢਿੱਡ ਭਰਿਆ। ਉਹਨਾਂ ਕਿਹਾ ਕਿ ਜੇਕਰ ਉਦਯੋਗਾਂ ਦੀ ਲੋੜ ਪਈ ਤਾਂ ਪੰਜਾਬ ਵਿੱਚ ਕੱਚੇ ਮਾਲ ਦੀ ਉਪਲੱਭਤਾ ਨਾ ਹੋਣ ਕਾਰਣ ਵੀ ਰਾਜ ਦੇ ਮਿਹਨਤਕਸ਼ ਉਦਮੀਆਂ ਨੇ ਪੰਜਾਬ ਵਿਚ ਵੱਡੀ ਪੱਧਰ ਤੇ ਉਦਯੋਗ ਲਗਾਏ। ਉਹਨਾਂ ਕਿਹਾ ਕਿ ਲੁਧਿਆਣਾ ਵਿਖੇ ਉਦਮੀਆਂ ਵਲੋ ਹੌਜਰੀ, ਸਾਈਕਲ ਪਾਰਟਸ, ਆਟੋ ਪਾਰਟਸ ਆਦਿ ਦੇ ਉਦਯੋਗ ਸਥਾਪਿਤ ਕੀਤੇ ਗਏ ਅਤੇ ਮੰਡੀ ਗੋਬਿੰਦਗੜ੍ਹ ਵਿਖੇ ਸਟੀਲ ਅਤੇ ਜਲੰਧਰ ਵਿਖੇ ਸਪੋਰਟਸ ਅਤੇ ਰੱਬੜ ਦੇ ਉਦਯੋਗ ਸਥਾਪਿਤ ਕੀਤੇ ਗਏ। ਉਹਨਾਂ ਕਿਹਾ ਕਿ ਬਿਜਲੀ ਤੋਂ ਬਿਨਾਂ ਕਿਸੇ ਵੀ ਸੂਬੇ ਦਾ ਉਦਯੋਗ ਤਰੱਕੀ ਨਹੀ ਕਰ ਸਕਦਾ। ਉਹਨਾ ਕਿਹਾ ਕਿ ਪੰਜਾਬ ਵਿਚ




(ਬਾਕੀ ਸਫਾ 2 'ਤੇ)

## ਬੱਸ ਕਿਰਾਏ 'ਚ ਚੁੱਪ-ਚਪੀਤੇ ਵਾਧੇ ਨਾਲ ਲੋਕਾਂ 'ਚ ਭਾਰੀ ਰੋਸ

ਚੰਡੀਗੜ੍ਹ, 27 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਦੇਸ਼ ਵਾਸੀਆਂ ਨੂੰ ਆਜ਼ਾਦ ਹੋਣ ਦੇ ਹੱਕ ਮਾਨਣ ਦੀਆਂ ਸ਼ਕਤੀਆਂ ਮਿਲਣ ਦੇ ਸ਼ੁੱਭ ਦਿਨ ਦੀਆਂ ਆਮ ਲੋਕਾਂ ਦੀਆਂ ਖੁਸ਼ੀਆਂ ਪੰਜਾਬ ਸਰਕਾਰ ਦੇ ਚੁੱਪ ਚੁਪੀਤੇ ਲਾਗੂ ਕੀਤੇ ਬੱਸ ਕਿਰਾਏ ਵਿੱਚ ਵਾਧੇ ਨੇ ਮਿੱਟੀ ਵਿੱਚ ਮਿਲਾ ਦਿੱਤੀਆਂ। 26 ਜਨਵਰੀ ਵਾਲੇ ਦਿਨ ਲੋਕ ਸਵੇਰੇ-ਸਵੇਰੇ ਜਦੋਂ ਆਪਣੇ ਕੰਮਾਂ ਕਾਰਾਂ ਲਈ ਬੱਸਾਂ ਵਿੱਚ ਚੜ੍ਹਨੇ ਸ਼ੁਰੂ ਹੋਏ ਤਾਂ ਨਾਲ ਹੀ ਕੰਡਕਟਰਾਂ ਵੱਲੋਂ ਵਧੇ ਕਿਰਾਏ ਮੁਤਾਬਿਕ ਟਿਕਟਾਂ ਕੱਟਣ ਦੌਰਾਨ ਹੋਏ ਝਗੜੇ ਨਾਲ ਲੋਕਾਂ ਨੇ ਸਰਕਾਰ ਨੂੰ ਵੀ ਪਾਣੀ ਪੀ-ਪੀ ਕੋਸਿਆ। ਵਧੇ ਕਿਰਾਇਆਂ ਤੋਂ ਦੁਖੀ ਆਮ ਲੋਕਾਂ ਨੇ 26 ਜਨਵਰੀ ਦੇ ਗਣਤੰਤਰ ਦਿਵਸ ਬਾਰੇ ਵੀ ਟਿੱਪਣੀਆਂ ਕਰਦਿਆਂ ਕਿਹਾ ਇਹ ਕਾਹਦਾ ਲੋਕਤੰਤਰ, ਜੋ ਲੀਡਰਾਂ ਅਤੇ ਅਫਸਰਾਂ ਦੀਆਂ ਤਾਂ ਜੇਬਾਂ ਭਰੀ ਜਾਂਦਾ, ਆਮ ਲੋਕਾਂ ਨੂੰ ਮਹਿੰਗਾਈ ਦੀ ਮਾਰ ਹੇਠ ਭੁੱਖੇ ਮਰਨ ਲਈ ਮਜਬੂਰ ਕਰ ਰਿਹਾ ਹੈ। ਥੋੜ੍ਹਾ ਜ਼ਿਆਦਾ ਪੜ੍ਹੇ-ਲਿਖੇ ਲੋਕਾਂ ਦੀਆਂ ਤਾਂ ਇਹ ਵੀ ਟਿੱਪਣੀਆਂ ਸਨ ਕਿ ਮੰਤਰੀ ਅਤੇ ਅਫਸਰ ਆਪਣੀਆਂ ਤਨਖਾਹਾਂ, ਭੱਤੇ ਅਤੇ ਗੱਡੀਆਂ ਮੋਟਰਾਂ ਦੇ ਖਰਚੇ ਵਧਾਉਂਦੇ ਹੋਏ ਸਰਕਾਰੀ ਖਜ਼ਾਨੇ ਨੂੰ ਅੰਨ੍ਹਾ ਚੂਨਾ ਲਾਉਂਦੇ ਜਾ ਰਹੇ ਹਨ ਤੇ ਖਜ਼ਾਨਾ ਭਰਨ ਲਈ ਕਿਰਾਏ ਅਤੇ ਹੋਰ ਟੈਕਸ ਆਦਿ ਵਧਾ ਕੇ ਲੋਕਾਂ ਦਾ ਕੰਚੂਬਰ ਕੱਢ ਰਹੇ ਹਨ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਦੋ ਮੈਂਬਰੀ ਸੁਖਬੀਰ-ਕਾਲੀਆ ਕਮੇਟੀ ਦੀਆਂ ਸਿਫਾਰਸ਼ਾਂ 'ਤੇ ਅਮਲ ਕਰਦੇ ਹੋਏ ਬੱਸਾਂ ਦੇ

(ਬਾਕੀ ਸਫਾ 2 'ਤੇ)

## ਨਵੀਂ ਮੀਡੀਆ ਪਾਲਿਸੀ ਵਿਸਾਖੀ ਤੋਂ ਪਹਿਲਾਂ ਪਹਿਲਾਂ ਲਾਗੂ ਕਰ ਦਿੱਤੀ ਜਾਵੇਗੀ-ਸੇਖਵਾਂ

ਮੋਹਾਲੀ, 27 ਜਨਵਰੀ (ਵਿਸ਼ਵ ਵਾਰਤਾ/ਵੀਨਾ ਰਾਜਪੂਤ)- ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ ਮੰਤਰੀ ਸ੍ਰ: ਸੇਵਾ ਸਿੰਘ ਸੇਖਵਾਂ ਨੇ ਪ੍ਰੈਸ ਕਲੱਬ ਮੋਹਾਲੀ ਵਿਖੇ ਪੱਤਰਕਾਰਾਂ ਨਾਲ ਗੈਰ ਰਸਮੀ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਵਿੱਚ ਪੱਤਰਕਾਰਾਂ ਨੂੰ ਵਧੇਰੇ ਸਹੂਲਤਾਂ ਦੇਣ ਲਈ ਨਵੀਂ ਮੀਡੀਆ ਪਾਲਿਸੀ ਇਸ ਸਾਲ 13 ਅਪ੍ਰੈਲ ਵਿਸਾਖੀ ਤੋਂ ਪਹਿਲਾਂ -ਪਹਿਲਾਂ ਲਾਗੂ ਕਰ ਦਿੱਤੀ ਜਾਵੇਗੀ। ਸ੍ਰ: ਸੇਖਵਾਂ ਅੱਜ ਪ੍ਰੈਸ ਕਲੱਬ ਵਿੱਖੇ ਅਚਾਨਕ ਹੀ ਪੱਤਰਕਾਰਾਂ ਨੂੰ ਮਿਲਣ ਲਈ ਪੁੱਜੇ ਹੋਏ ਸਨ। ਉਹਨਾਂ ਕਿਹਾ ਕਿ ਪ੍ਰੈਸ ਕਲੱਬ ਨੂੰ ਮੋਹਾਲੀ ਵਿਖੇ ਢੁੱਕਵੀਂ ਥਾਂ ਦੇਣ ਦੇ ਉਪਰਾਲੇ ਕੀਤੇ ਜਾਣਗੇ। ਸ੍ਰ: ਸੇਖਵਾਂ ਨੇ ਪੱਤਰਕਾਰਾਂ ਵੱਲੋਂ ਐਕਰੀਡੇਸ਼ਨ ਕਮੇਟੀ ਦੇ ਗਠਨ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਉਹਨਾਂ ਦੱਸਿਆ ਕਿ ਇਸ ਕਮੇਟੀ ਦਾ ਗਠਨ ਹਫ਼ਤੇ ਦੇ ਅੰਦਰ - ਅੰਦਰ ਕਰ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਇਸ ਵਾਰ ਅਜਿਹੀ ਕਮੇਟੀ ਦਾ ਗਠਨ ਕੀਤਾ ਜਾਵੇਗਾ ਜਿਸ ਵਿੱਚ ਪ੍ਰਿੰਟ, ਇਲੈਕਟਰੋਨਿਕ ਪ੍ਰੈਸ ਫੋਟੋਗ੍ਰਾਫਰ ਤੋਂ ਇਲਾਵਾ ਹਫ਼ਤਾ ਵਾਰੀ ਅਖ਼ਬਾਰਾਂ ਦੇ ਨੁਮਾਇੰਦਿਆਂ ਨੂੰ ਵੀ ਪ੍ਰਤੀਨਿੱਧਤਾ ਦਿੱਤੀ ਜਾਵੇਗੀ। ਪੰਜਾਬ ਸਰਕਾਰ ਦਾ ਕੰਮ ਕੇਵਲ ਕਮੇਟੀ ਦੇ ਗਠਨ ਤੱਕ ਸੀਮਿਤ ਹੋਵੇਗਾ। ਜਦ ਕਿ ਇਹ ਕਮੇਟੀ ਹੀ ਪੱਤਰਕਾਰਾਂ ਨੂੰ ਐਕਰੀਡੇਸ਼ਨ ਦੇਣ ਸਬੰਧੀ ਖੁਦ ਫੈਸ਼ਲਾ ਕਰੇਗੀ। ਉਹਨਾਂ ਕਿਹਾ ਕਿ 1997 ਵਿੱਚ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਸਰਕਾਰ ਵੇਲੇ ਐਕਰੀਡੇਸ਼ਨ ਕਮੇਟੀ ਦਾ ਗਠਨ ਕੀਤਾ ਗਿਆ ਸੀ। ਪਰੰਤੂ ਪਿਛਲੀ ਕਾਂਗਰਸ




(ਬਾਕੀ ਸਫਾ 2 'ਤੇ)

## ਬਿਜਲੀ ਖ਼ਪਤਕਾਰ ਆਪਣਾ ਲੋਡ ਅਪਡੇਟ ਕਰਕੇ ਲਾਭ ਉਠਾਉਣ -ਇੰਜ. ਬਰਾੜ

ਜਲੰਧਰ 27 ਜਨਵਰੀ (ਮਲਕੀਤ ਸਿੰਘ ਬਰਾੜ)-ਪੰਜਾਬ ਰਾਜ ਬਿਜਲੀ ਬੋਰਡ ਦੇ ਚੇਅਰਮੈਲ ਹਰਜਿੰਦਰ ਸਿੰਘ ਬਰਾੜ ਨੇ ਅੱਜ ਫਿਰ ਦੁਹਰਾਇਆ ਹੈ ਕਿ ਘਰੈਲੂ, ਸੱਨਅਤੀ ਅਤੇ ਗੈਰ ਰਿਹਾਇਸ਼ੀ ਖਪਤਕਾਰਾਂ ਵੱਲੋਂ ਆਪਣੇ ਬਿਜਲੀ ਲੋਡ ਦੇ ਵਲੰਟੀਅਰੀ ਐਲਾਨ ਦੀ ਆਖਰੀ ਮਿਤੀ 31 ਜਨਵਰੀ ਤੱਕ ਵਧਾਈ ਗਈ ਹੈ। ਇਸ ਲਈ ਸਮੂਹ ਖਪਤਕਾਰ ਇਸ ਤੋਂ ਵੱਧ ਤੋਂ ਵੱਧ ਲਾਭ ਲੈਣ ਕਿਉਂਕਿ 31 ਜਨਵਰੀ ਤੋਂ ਬਾਅਦ ਬੋਰਡ ਵੱਲੋਂ ਚੈਕਿੰਗ ਕੀਤੇ ਜਾਣ 'ਤੇ ਜਿਸ ਕਿਸੇ ਦਾ ਬਿਜਲੀ ਲੋਡ ਕਾਗਜ਼ਾਂ ਵਿੱਚ ਭਰੇ ਹੋਏ ਲੋਡ ਤੋਂ ਵੱਧ ਨਿਕਲਿਆ ਉਸ ਨੂੰ ਜ਼ੁਰਮਾਨਾ ਲੱਗ ਸਕਦਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਇਹ ਤਰੀਕ 31 ਦਸੰਬਰ ਤੱਕ ਸੀ ਲੇਕਿਨ ਪੰਜਾਬ ਵਾਸੀਆਂ ਨੂੰ ਵੱਧ ਤੋਂ ਵੱਧ ਲਾਭ ਦੇਣ ਲਈ ਇਸ ਨੂੰ 31 ਜਨਵਰੀ ਤੱਕ ਵਧਾਇਆ ਗਿਆ ਹੈ। ਜਿਸ ਕਿਸੇ ਨੂੰ ਵੀ ਕਿਤੇ ਕੋਈ ਮੁਸ਼ਕਿਲ ਆਵੇ ਤਾਂ ਉਹ ਕੇਂਦਰੀ ਜੋਨ 'ਚ ਮੋਬਾਇਲ ਨੰ. 96461-11502, ਉੱਤਰੀ ਜੋਨ 'ਚ 96461-16002, ਬਾਰਡਰ ਜੋਨ 96461-13002, ਦੱਖਣੀ ਜੋਨ 96461-10001, ਪੱਛਮੀ ਜੋਨ 96416-14502 'ਤੇ ਸੰਪਰਕ ਕਰ ਸਕਦਾ ਹੈ। ਇੰਜੀਨੀਅਰ ਬਰਾੜ ਨੇ ਕਿਹਾ ਕਿ ਬਿਜਲੀ ਦੀ ਸਪਲਾਈ ਮੰਗ ਵਧਣ ਕਾਰਨ ਪਿਛਲੇ ਸਾਲ ਤੋਂ ਖਪਤਕਾਰਾਂ ਨੂੰ ਬਿਜਲੀ ਤੋਂ ਭਾਰੀ ਸ਼ਿਕਾਇਤਾਂ ਦਾ ਸਾਹਮਣਾ ਕਰਨਾ ਪਿਆ ਹੈ। ਬਿਜਲੀ ਦੇ ਲੰਮੇ ਲੰਮੇ ਕੱਟ ਖ਼ਪਤਕਾਰਾਂ ਵੱਲੋਂ

(ਬਾਕੀ ਸਫਾ 2 'ਤੇ)

## ਹਕੀਮਪੁਰ ਦਾ ਵੀਹਵਾਂ ਪੁਰੇਵਾਲ ਖੇਡ ਮੇਲਾ 21,22 ਨੂੰ

ਜਲੰਧਰ, 27 ਜਨਵਰੀ (ਹਰਪ੍ਰੀਤ ਸਿੰਘ ਲੇਹਿਲ)-ਸ. ਹਰਬੰਸ ਸਿੰਘ ਪੁਰੇਵਾਲ ਦੀ ਯਾਦ ਵਿੱਚ ਵੀਹਵਾਂ ਪੁਰੇਵਾਲ ਖੇਡ ਮੇਲਾ 21 ਤੇ 22 ਫਰਵਰੀ ਨੂੰ ਹਕੀਮਪੁਰ ਤੇ ਜਗਤਪੁਰ ਵਿਚਕਾਰ ਬਣੇ ਨਿਰੰਜਣ ਸਿੰਘ ਯਾਦਗਾਰੀ ਸਟੇਡੀਅਮ ਵਿੱਚ ਹੋਵੇਗਾ। ਪੁਰੇਵਾਲ ਕਬੱਡੀ ਕੱਪ ਲਈ ਦੋਹਾਂ ਐਸੋਸੀਏਸ਼ਨਾਂ ਦੀਆਂ ਚੋਟੀ ਦੀਆਂ ਅੱਠ-ਅੱਠ ਅਕੈਡਮੀਆਂ ਭਿੜਨਗੀਆਂ ਜਿਨ੍ਹਾਂ ਦੀਆਂ ਜੇਤੂ ਟੀਮਾਂ ਨੂੰ ਟਰਾਫੀਆਂ ਦੇ ਨਾਲ ਇਕ ਲੱਖ ਇਕਵੰਜਾ ਹਜ਼ਾਰ ਦੇ ਨਕਦ ਇਨਾਮ ਦਿੱਤੇ ਜਾਣਗੇ। ਦੂਜੇ ਨੰਬਰ 'ਤੇ ਰਹਿਣ ਵਾਲੀਆਂ ਟੀਮਾਂ ਨੂੰ ਲੱਖ-ਲੱਖ ਦੇ ਇਨਾਮ ਹੋਣਗੇ। ਕੁਸ਼ਤੀਆਂ ਲਈ ਛੇ ਟਾਈਟਲ ਹਨ ਜਿਨ੍ਹਾਂ ਨਾਲ ਵੱਡੇ ਇਨਾਮ ਹਨ। ਮਹਾਂਭਾਰਤ ਕੇਸਰੀ ਹਕੀਮਪੁਰ ਟਾਈਟਲ ਦਾ ਇਨਾਮ ਗੁਰਜ ਦੇ ਨਾਲ ਇਕ ਲੱਖ ਗਿਆਰਾਂ ਹਜ਼ਾਰ ਰੁਪਏ ਦਾ ਹੈ। ਸਵਾ ਲੱਖ ਰੁਪਏ ਦੇ ਇਨਾਮ ਹਲਟ ਤੇ ਬੈਲ ਗੱਡੀਆਂ ਦੀਆਂ ਦੌੜਾਂ ਲਈ ਹਨ। ਅਥਲੈਟਿਕਸ ਦੇ ਈਵੈਂਟਸ ਲਈ ਪਹਿਲਾ ਇਨਾਮ ਤਿੰਨ ਹਜ਼ਾਰ, ਦੂਜਾ ਦੋ ਹਜ਼ਾਰ ਤੇ ਤੀਜਾ ਇਕ



(ਬਾਕੀ ਸਫਾ 2 'ਤੇ)

## ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਦੇ ਸੇਵਾ ਕਾਲ ਵਿਚ ਇਕ ਸਾਲ ਦੇ ਵਾਧੇ ਦੀ ਅਧਿਸੂਚਨਾ ਜਾਰੀ

ਚੰਡੀਗੜ੍ਹ 27 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)- ਪੰਜਾਬ ਸਰਕਾਰ ਨੇ ਮਿਤੀ 22-01-2010 ਤੋਂ 31-12-2010 ਦੇ ਸਮੇ- ਦੌਰਾਨ ਰਿਟਾਇਰ ਹੋਣ ਵਾਲੇ ਸਰਕਾਰੀ ਅਤੇ ਲੋਕ ਖੇਤਰੀ ਅਦਾਰਿਆਂ ਦੇ ਅਧਿਕਾਰੀਆਂ/ਕਰਮਚਾਰੀਆਂ ਦੀ ਸੇਵਾ ਕਾਲ ਵਿਚ ਇਕ ਸਾਲ ਦਾ ਵਾਧਾ ਕਰਨ ਦਾ ਫੈਸਲਾ ਕੀਤਾ ਹੈ। ਇਸ ਗੱਲ ਦਾ ਪ੍ਰਗਟਾਵਾ ਕਰਦੇ ਹੋਏ ਰਾਜ ਸਰਕਾਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਇਸ ਸੰਬਧ ਵਿਚ ਜਾਰੀ ਅਧਿਸੂਚਨਾ ਅਨੁਸਾਰ ਇਹ ਸਹੂਲਤ ਉਹਨਾ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਨੂੰ ਨਹੀ ਮਿਲੇਗੀ ਜਿਹਨਾ ਦੀ ਰਿਟਾਇਰਮੈਂਟ ਦੀ ਉਮਰ ਪਹਿਲਾਂ ਹੀ 58 ਸਾਲ ਤੋਂ ਵੱਧ ਹੈ। ਉਹਨਾ ਅਗੇ ਦੱਸਿਆ ਕਿ ਜਾਰੀ ਅਧਿਸੂਚਨਾ ਵਿਚ ਦਰਸ਼ਾਈਆਂ ਸ਼ਰਤਾਂ ਅਨੁਸਾਰ ਸੰਬਧਤ ਅਧਿਕਾਰੀ/ਕਰਮਚਾਰੀ 58 ਸਾਲ ਦੀ ਉਮਰ ਪੂਰੀ ਹੋਣ ਉਪਰੰਤ ਉਸ ਵਲੋਂ ਲਈ ਗਈ ਆਖਰੀ ਤਨਖਾਹ 'ਤੇ ਹੀ ਕੰਮ ਕਰਨਗੇ ਅਤੇ ਇਸ ਵਧਾਏ

(ਬਾਕੀ ਸਫਾ 2 'ਤੇ)

## ਭਾਰਤ ਸਰਕਾਰ '47 ਮੌਕੇ ਕੀਤੇ ਵਾਅਦੇ ਪੂਰੇ ਕਰੇ-ਸਿੱਖ ਜਥੇਬੰਦੀਆਂ

### ਸੰਵਿਧਾਨਕ ਅਤੇ ਕਾਨੂੰਨੀ ਵਿਤਕਰਿਆਂ ਨੂੰ ਖਤਮ ਕਰਵਾਏ

ਜਲੰਧਰ 27 ਜਨਵਰੀ (ਸਰਬਜੀਤ ਵਾਲੀਆ)- ਦਲ ਖ਼ਾਲਸਾ ਨੇ ਭਾਰਤ ਸਰਕਾਰ ਨੂੰ 1947 ਮੌਕੇ ਭਾਰਤੀ ਆਗੂਆਂ ਵੱਲੋਂ ਸਿੱਖ ਕੌਮ ਨਾਲ ਜ਼ਬਾਨੀ ਅਤੇ ਲਿਖਤੀ ਤੌਰ ਤੇ ਕੀਤੇ ਵਾਅਦੇ ਪੂਰੇ ਕਰਨ ਅਤੇ ਸੰਵਿਧਾਨਕ ਅਤੇ ਕਾਨੂੰਨੀ ਵਿਤਕਰਿਆਂ ਨੂੰ ਖਤਮ ਕਰਵਾਉਣ ਲਈ ਤਿੱਖੀ ਸ਼ਬਦਾਵਲੀ ਵਾਲਾ ਇੱਕ ਪੱਤਰ ਲਿਖਿਆ ਹੈ। ਭਾਰਤ ਦੇ ਗਣਤੰਤਰ ਦਿਵਸ ਦੀ 60ਵੀਂ ਵਰ੍ਹੇਗੰਢ ਮੌਕੇ ਭਾਰਤੀ ਹਕੂਮਤ ਪਾਸੋਂ ਪੰਡਤ ਜਵਾਹਰ ਲਾਲ ਨਹਿਰੂ ਵਲੋਂ ਕੀਤੇ ਇਕਰਾਰ ਦੀ ਰੌਸ਼ਨੀ ਵਿਚ ਭਾਰਤੀ ਸੰਵਿਧਾਨ ਵਿਚ ਸਵੈ-ਨਿਰਣੇ ਦੀ ਮੱਦ ਦਰਜ਼ ਕਰਨ ਦੀ ਵੀ ਮੰਗ ਕੀਤੀ ਹੈ। ਦਲ ਖ਼ਾਲਸਾ ਦੇ ਇਕ ਵਫਦ ਨੇ ਅੱਜ ਪਾਰਟੀ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਅਤੇ ਖ਼ਾਲਸਾ ਐਕਸ਼ਨ ਕਮੇਟੀ ਦੇ ਚੇਅਰਮੈਨ ਭਾਈ ਮੋਹਕਮ ਸਿੰਘ ਦੀ ਅਗਵਾਈ ਹੇਠ ਸਥਾਨਿਕ ਡਿਪਟੀ ਕਮਿਸ਼ਨਰ ਸ ਅਜੀਤ ਸਿੰਘ ਪੰਨੂੰ ਨਾਲ ਮੁਲਾਕਾਤ ਕੀਤੀ ਅਤੇ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਦੇ ਨਾਂ 'ਤੇ ਲਿਖਿਆ ਯਾਦ ਪੱਤਰ ਸੌਂਪਿਆ। ਯਾਦ ਪੱਤਰ ਵਿਚ ਆਗੂਆਂ ਨੇ ਭਾਰਤੀ ਸੰਵਿਧਾਨ ਵਿਚ ਸਿੱਖਾਂ ਨੂੰ ਧਾਰਾ 25(2) (ਬੀ) ਰਾਹੀਂ ਹਿੰਦੂ ਆਖਣ, ਸਿੱਖਾਂ ਉਤੇ ਹਿੰਦੂ ਕਾਨੂੰਨ ਥੋਪਣ ਅਤੇ ਪੰਜਾਬ ਦੇ ਪਾਣੀਆਂ ਦੀ ਲੁੱਟ-ਖਸੁੱਟ ਅਤੇ ਹੋਰਨਾਂ ਵਿਤਕਰਿਆਂ ਦੇ ਵੇਰਵੇ ਦੇਕੇ ਮੰਗ ਕੀਤੀ ਕਿ 1950 ਤੋਂ ਸਿੱਖਾਂ ਨਾਲ ਹੋ ਰਹੀ ਸੰਵਿਧਾਨਕ ਬੇਇਨਸਾਫੀ ਖਤਮ ਕੀਤੀ ਜਾਵੇ। ਡਿਪਟੀ ਕਮਿਸ਼ਨਰ ਨੂੰ ਯਾਦ ਪੱਤਰ ਸੌਂਪਣ ਤੋਂ ਬਾਅਦ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ



(ਫੋਟੋ : ਕੁਲਦੀਪ ਸਟੂਡੀਓ)

(ਬਾਕੀ ਸਫਾ 2 'ਤੇ)

## ਸੰਜੇ ਦੱਤ ਦਾ ਅਸਤੀਫਾ ਮਨਜ਼ੂਰ, ਮੋਹਨ ਸਿੰਘ ਬਣੇ ਸਪਾ ਦੇ ਜਨਰਲ ਸਕੱਤਰ

ਨਵੀਂ ਦਿੱਲੀ, 27 ਜਨਵਰੀ (ਵਿਸ਼ਵ ਵਾਰਤਾ)-ਸਮਾਜਵਾਦੀ ਪਾਰਟੀ ਨੇ ਅੱਜ ਅਮਰ ਸਿੰਘ ਦੇ ਸਥਾਨ 'ਤੇ ਮੋਹਨ ਸਿੰਘ ਨੂੰ ਪਾਰਟੀ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਹੈ। ਅਮਰ ਸਿੰਘ ਨੇ ਕੁਝ ਦਿਨ ਪਹਿਲਾਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਪਾਰਟੀ ਪ੍ਰਮੁੱਖ ਮੁਲਾਇਮ ਸਿੰਘ ਯਾਦਵ ਨੇ ਅਭਿਨੇਤਾ ਤੋਂ ਰਾਜਨੇਤਾ ਬਣੇ ਸੰਜੇ ਦੱਤ ਅਤੇ ਅਬਦੁੱਲਾ ਆਜ਼ਮੀ ਦਾ ਵੀ ਅਸਤੀਫਾ ਮਨਜ਼ੂਰ ਕਰ ਲਿਆ ਹੈ। ਸੰਜੇ ਦੱਤ ਨੇ ਅਮਰ ਸਿੰਘ ਤੋਂ ਬਾਅਦ ਜਨਰਲ ਸਕੱਤਰ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਾਰਟੀ ਜਨਰਲ ਸਕੱਤਰ ਪ੍ਰੋ. ਰਾਮ ਗੋਪਾਲ ਯਾਦਵ ਨੇ ਦੱਸਿਆ ਕਿ ਮੋਹਨ ਸਿੰਘ ਨੂੰ ਪਾਰਟੀ ਦਾ ਬੁਲਾਰਾ ਵੀ ਨਿਯੁਕਤ ਕੀਤਾ ਗਿਆ ਹੈ। ਇਸ ਤਰ੍ਹਾਂ ਅਮਰ ਸਿੰਘ ਵੱਲੋਂ ਛੱਡੇ ਗਏ ਸਾਰੇ ਅਹੁਦਿਆਂ 'ਤੇ ਮੋਹਨ ਸਿੰਘ ਦੀ ਨਿਯੁਕਤੀ ਹੋਈ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਸਾਂਸਦ ਬ੍ਰਿਜਭੂਸ਼ਣ ਤਿਵਾੜੀ ਨੂੰ



(ਬਾਕੀ ਸਫਾ 2 'ਤੇ)

## ਭਾਰਤ ਵੱਲੋਂ ਭੂਟਾਨ ਨੂੰ 25 ਕਰੋੜ ਰੁਪਏ ਦੀ ਮਦਦ

ਥਿੰਪੂ, 27 ਜਨਵਰੀ (ਵਿਸ਼ਵ ਵਾਰਤਾ)-ਪਿਛਲੇ ਸਾਲ ਭੂਟਾਨ ਵਿਚ ਆਏ ਭੂਚਾਲ ਨਾਲ ਤਬਾਅ ਹੋਏ ਇਲਾਕਿਆਂ ਵਿਚ ਪੁਨਰ-ਵਾਸ ਅਤੇ ਪੁਨਰ-ਨਿਰਮਾਣ ਕੰਮਾਂ ਲਈ ਭਾਰਤ ਨੇ ਆਪਣੇ ਇਸ ਪੜੌਸੀ ਦੇਸ਼ ਨੂੰ 25 ਕਰੋੜ ਰੁਪਏ ਦੀ ਮਦਦ ਦਿੱਤੀ ਹੈ। ਭੂਟਾਨ ਦੀ ਸ਼ਾਹੀ ਸਰਕਾਰ ਵੱਲੋਂ ਇਥੇ ਆਯੋਜਿਤ ਇਕ ਸਮਾਗਮ ਵਿਚ ਭਰਤੀ ਰਾਜਦੂਤ ਪਵਨ ਕੁਮਾਰ ਵਰਮਾ ਨੇ ਪ੍ਰਧਾਨ ਮੰਤਰੀ ਨੂੰ 25 ਕਰੋੜ ਰੁਪਏ ਦਾ ਚੈਕ ਸੌਂਪਿਆ। ਭੂਟਾਨ ਵਿਚ ਮੌਜੂਦ ਭਾਰਤੀ ਦੂਤ ਘਰ ਵੱਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਭੂਟਾਨ ਨੂੰ ਦਿੱਤੀ ਗਈ ਇਸ ਮਦਦ ਦਾ ਐਲਾਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਉਸ ਸਮੇਂ ਕੀਤਾ ਸੀ ਜਦੋਂ ਭੂਟਾਨ ਨਰੇਸ਼ ਜਿਗਮੇ ਖੇਸਰ ਪਿਛਲੇ ਸਾਲ ਸਾਲ ਦਸੰਬਰ ਵਿਚ ਭਾਰਤ ਦੌਰੇ 'ਤੇ ਗਏ ਸਨ। ਵਰਨਣਯੋਗ ਹੈ ਕਿ 21 ਸਤੰਬਰ 2009 ਨੂੰ ਭੂਟਾਨ ਵਿਚ ਭੂਚਾਲ ਆਇਆ, ਜਿਸ ਵਿਚ ਉਥੇ ਭਾਰੀ ਮਾਲੀ ਨੁਕਸਾਨ ਹੋਇਆ ਸੀ।



## ਭਾਰਤ ਨੇ ਬੰਗਲਾਦੇਸ਼ ਨੂੰ 10 ਵਿਕਟਾਂ ਨਾਲ ਹਰਾਇਆ

### ਜ਼ਹੀਰ ਖਾਨ ਰਹੇ ਮੈਨ ਆਫ਼ ਦਾ ਮੈਚ

ਜਲੰਧਰ, 27 ਜਨਵਰੀ (ਕਮਲਜੀਤ ਥਾਬਲਕੇ)-ਭਾਰਤ ਨੇ ਦੂਸਰੇ ਟੈਸਟ ਮੈਚ ਦੇ ਚੌਥੇ ਦਿਨ ਹੀ ਬੰਗਲਾਦੇਸ਼ ਨੂੰ 10 ਵਿਕਟਾਂ ਨਾਲ ਹਰਾ ਕੇ ਦੋ ਟੈਸਟ ਮੈਚਾਂ ਦੀ ਸੀਰੀਜ਼ 2-0 ਨਾਲ ਆਪਣੇ ਨਾਮ ਕਰ ਲਈ ਹੈ। ਟੀਮ ਇੰਡੀਆ ਨੂੰ ਜਿੱਤ ਲਈ ਕੇਵਲ 2 ਦੌੜਾਂ ਦੀ ਜ਼ਰੂਰਤ ਸੀ। ਜੋ ਪਹਿਲੇ ਹੀ ਓਵਰ ਵਿਚ ਦੋ ਵਾਧੂ ਦੌੜਾਂ ਨਾਲ ਬਣ ਗਏ। ਇਸ ਤੋਂ ਪਹਿਲਾਂ ਜ਼ਹੀਰ ਨੇ ਸ਼ਾਨਦਾਰ ਗੇਂਦਬਾਜ਼ ਕਰਦਿਆਂ ਬੰਗਲਾਦੇਸ਼ ਦੀ ਪਾਰੀ ਨੂੰ 312 ਦੌੜਾਂ 'ਤੇ ਖ਼ਤਮ ਕਰ ਦਿੱਤਾ। ਜ਼ਹੀਰ ਨੇ ਇਕ ਹੀ ਓਵਰ ਵਿਚ ਤਿੰਨ ਵਿਕਟਾਂ ਲਈਆਂ। ਦੂਸਰੀ ਪਾਰੀ ਵਿਚ ਜ਼ਹੀਰ ਨੇ 7, ਓਝਾ ਨੇ 2 ਅਤੇ ਹਰਭਜਨ ਸਿੰਘ ਨੇ 1 ਖਿਡਾਰੀ ਨੂੰ ਆਊਟ ਕੀਤਾ। ਜ਼ਹੀਰ ਨੇ ਪਹਿਲੀ ਵਾਰ ਟੈਸਟ ਮੈਚਾਂ ਵਿਚ 10 ਵਿਕਟਾਂ ਲੈਣ ਦਾ ਰਿਕਾਰਡ ਵੀ ਬਣਾਇਆ ਹੈ। ਪਹਿਲੀ ਪਾਰੀ ਵਿਚ ਜ਼ਹੀਰ ਨੂੰ 3 ਵਿਕਟਾਂ ਮਿਲੀਆਂ ਸਨ। ਜ਼ਹੀਰ ਖਾਨ ਨੂੰ ਮੈਨ ਆਫ ਦਾ ਮੈਚ ਅਤੇ ਮੈਨ ਆਫ ਦਾ ਸੀਰੀਜ਼ ਐਲਾਨਿਆ ਗਿਆ। ਇਸ ਤੋਂ ਪਹਿਲਾਂ ਬੰਗਲਾਦੇਸ਼ ਦੀ ਟੀਮ ਨੇ 228 ਦੌੜਾਂ ਤੋਂ ਅੱਗੇ ਖੇਡਣਾ ਸ਼ੁਰੂ ਕੀਤਾ। ਗੇਂਦਬਾਜ਼ ਹਰਭਜਨ ਸਿੰਘ ਸ਼ਹਾਦਤ ਹੁਸੈਨ ਨੂੰ 40 ਦੌੜਾਂ 'ਤੇ ਆਊਟ ਕਰਕੇ ਪਹਿਲੀ ਸਫਲਤਾ ਹਾਸਿਲ ਕੀਤੀ। ਇਸ ਤੋਂ ਬਾਅਦ ਜ਼ਹੀਰ ਖਾਨ ਅੱਗੇ ਕੋਈ ਵੀ ਬੰਗਲਾਦੇਸ਼ੀ ਬੱਲੇਬਾਜ਼ ਟਿਕ ਨਾ ਸਕਿਆ ਅਤੇ ਪੂਰੀ ਟੀਮ 312 ਦੌੜਾਂ ਉਤੇ ਆਲ ਆਊਟ ਹੋ ਗਈ। ਬੰਗਲਾਦੇਸ਼ ਨੇ ਪਹਿਲੀ ਪਾਰੀ ਵਿਚ 233 ਦੌੜਾਂ ਬਣਾਈਆਂ ਸਨ, ਜਿਸ ਦੇ ਜਵਾਬ ਵਿਚ ਭਾਰਤ ਭਾਰਤ ਨੇ ਆਪਣੀ ਪਹਿਲੀ ਪਾਰੀ ਅੱਠ ਵਿਕਟਾਂ 'ਤੇ 544 ਦੌੜਾਂ ਬਣਾ ਕੇ ਐਲਾਨ ਦਿੱਤੀ। ਜਿਸ ਦੇ ਆਧਾਰ 'ਤੇ ਭਾਰਤ ਨੂੰ 226 ਦੌੜਾਂ ਦੀ ਅਗੇਤ ਮਿਲ ਗਈ ਸੀ। ਜਦੋਂ ਕਿ ਦੂਸਰੀ ਪਾਰੀ ਵਿਚ ਬੰਗਲਾਦੇਸ਼ 312 ਦੌੜਾਂ ਬਣਾਈਆਂ।




## ਇਹ ਮੇਰਾ ਕੋਈ ਵਧੀਆ ਪ੍ਰਦਰਸ਼ਨ ਨਹੀਂ-ਜਹੀਰ ਖਾਨ

-ਭਾਰਤ ਦਾ ਬੰਗਲਾਦੇਸ਼ ਹਰਾਉਣ ਨੂੰ 10 ਵਿਕਟਾਂ ਨਾਲ ਹਰਾਉਣ 'ਚ ਜ਼ਹੀਰ ਖਾਨ ਦਾ ਅਹਿਮ ਰੋਲ ਸਾਬਿਤ ਹੋਇਆ ਹੈ। ਪਰ ਜਹੀਰ ਖਾਨ ਦਾ ਕਹਿਣਾ ਹੈ ਕਿ ਉਹ ਹਾਲੇ ਵੀ ਬੌਲਿੰਗ ਲਈ ਪੂਰੀ ਫਿਟਨੈਸ ਹਾਸਲ ਨਹੀਂ ਸਕੇ। ਜਹੀਰ ਦੀ ਪਿਛਲੇ ਸਾਲ ਅਗਸਤ 'ਚ ਮੋਢੇ ਦੇ ਸਰਜਰੀ ਹੋਈ ਸੀ ਅਤੇ ਉਸ ਨੇ ਕਿਹਾ ਕਿ ਉਸ ਨੂੰ ਸੱਟ ਲੱਗਣ ਦੇ ਬਾਅਦ ਆਪਣੀ ਬੌਲਿੰਗ 'ਤੇ ਕੰਮ ਕਰਨ ਦਾ ਸਮਾਂ ਮਿਲਿਆ, ਪਰ ਉਹ ਹੁਣ ਵੀ ਆਪਣੀ ਵਧੀਆ ਫਰਮੌਰਮ 'ਚ ਨਹੀਂ ਹਨ। ਜਹੀਰ ਨੇ ਦੂਸਰੇ ਟੈਸਟ 'ਚ ਭਾਰਤ ਨੂੰ 10 ਵਿਕਟਾਂ ਨਾਲ ਜਿੱਤ ਦਿਵਾਉਣ ਦੇ ਬਾਅਦ ਕਿਹਾ ਕਿ ਕ੍ਰਿਕਟ 'ਚ ਕਾਫ਼ੀ ਕੁਝ ਅਨੁਭਵ ਨਾਲ ਆਉਂਦੀ ਹੈ। ਮੈਂ ਆਪਣੇ ਕੈਰੀਅਰ ਕੁਝ ਦੇਰ ਤੋਂ ਸ਼ੁਰੂ ਕੀਤਾ ਅਤੇ ਸੱਟ ਦੇ ਕਾਰਨ ਵੀ ਟੀਮ 'ਚੋਂ ਬਾਹਰ ਰਿਹਾ। ਉਨ੍ਹਾਂ ਕਿਹਾ ਕਿ ਲੱਗਦਾ ਹੈ ਕਿ ਸੱਟ ਨੇ ਮੈਨੂੰ ਬੌਲਿੰਗ 'ਤੇ ਕੰਮਰ ਕਰਨ 'ਚ ਮੱਦਦ ਕੀਤੀ ਹੈ। ਮੈਂ ਕਿਸਮਤ ਵਾਲਾ ਸੀ ਕਿ ਮੈਂ ਆਪਣੀ ਬੌਲਿੰਗ 'ਤੇ ਕੰਮ ਕਰਕੇ ਵਾਪਸੀ ਕੀਤੀ ਹੈ। ਜਹੀਰ ਨੇ ਇਸ ਸ਼ਾਨਦਾਰ ਪ੍ਰਦਰਸ਼ਨ ਨਾਲ ਮੈਨ ਆਫ਼ ਦਾ ਮੈਚ ਅਤੇ ਮੈਨ ਆਫ਼ ਦਾ ਸੀਰੀਜ ਦੇ ਪੁਰਸਕਾਰ ਨਾਲ ਨਿਵਾਜ਼ਿਆ ਗਿਆ ਪਰ ਉਨ੍ਹਾਂ ਨੂੰ ਲੱਗਦਾ ਹੈਕਿ ਉਹ ਇਸਸੇ ਤੋਂ ਵੀ ਬੇਹਤਰ ਕਰ ਸਕਦੇ ਸਨ। ਉਨ੍ਹਾਂ ਨੇ ਕਿਹਾ ਕਿ ਫਿਟਨੈੱਸ ਦੇ ਮਾਮਲੇ 'ਚ ਮੈਨੂੰ ਲੰਬੀ ਦੌੜੀ ਤੈਅ ਕਰਨੀ ਹੈ।

## ਸਿੰਘ ਸਾਹਿਬ ਦੇ ਸਾਬਕਾ ਡਰਾਇਵਰ ਭਾਈ ਫਤਿਹ ਸਿੰਘ ਰਾਉਕੇ ਚੱਲ ਵਸੇ-ਭੋਗ ਐਤਵਾਰ ਨੂੰ

ਮੋਗਾ, 27 ਜਨਵਰੀ (ਅ.ਬ.)-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਦੇ ਸਾਬਕਾ ਡਰਾਇਵਰ ਭਾਈ ਫਤਿਹ ਸਿੰਘ ਰਾਉਕੇ 22 ਜਨਵਰੀ ਨੂੰ ਅਕਾਲ ਚਲਾਣਾ ਕਰ ਗਏ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ। ਉਹ ਆਪਣੇ ਪਿੱਛੇ ਦੋ ਧੀਆਂ ਛੱਡ ਗਏ ਹਨ। ਉਨ੍ਹਾਂ ਦੀ ਪਤਨੀ ਕੁਝ ਸਮਾਂ ਪਹਿਲਾਂ ਚੱਲ ਵਸੀ ਸੀ। ਭਾਈ ਫਤਿਹ ਸਿੰਘ ਹੁਰੀਂ 6 ਭਰਾ ਹਨ। ਉਨ੍ਹਾਂ ਦੇ ਵੱਡੇ ਭਰੇ ਭਾਈ ਚੜ੍ਹਤ ਸਿੰਘ ਮੁਤਾਬਿਕ ਭਾਈ ਫਤਿਹ ਸਿੰਘ ਨਮਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਪਿੰਡ ਰਾਉਕੇ ਕਲਾਂ ਵਿਖੇ 31 ਜਨਵਰੀ 2010 ਦਿਨ ਐਤਵਾਰ ਨੂੰ ਦੁਪਹਿਰ 12.00 ਰੱਖੀ ਗਈ ਹੈ। ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਅਤੇ ਹੋਰ ਕਈ ਵੱਡੀਆਂ ਪੰਥਕ ਸਖ਼ਸ਼ੀਅਤਾਂ ਨੇ ਭਾਈ ਫਤਿਹ ਸਿੰਘ ਦੇ ਅਕਾਲ ਚਲਾਣੇ 'ਤੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਸਿੰਘ ਸਾਹਿਬ ਜੀ ਨੇ ਇੱਕ ਬਿਆਨ ਵਿੱਚ ਆਖਿਆ ਹੈ ਕਿ ਭਾਈ ਫਤਿਹ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦੀ ਪੰਥ ਲਈ ਵੱਡੀ ਕੁਰਬਾਨੀ ਹੈ। ਉਨ੍ਹਾਂ ਮੁਤਾਬਿਕ ਭਾਈ ਫਤਿਹ ਸਿੰਘ ਆਪਣੇ ਫਰਜ਼ਾਂ ਪ੍ਰਤੀ ਹਮੇਸ਼ਾ ਪ੍ਰਤੀਬੱਧ ਰਹੇ।

